ਡਾਇਰੀ ਨੰ: 196 /ਐ ਲੋ -1 G.S21/31C
ਮਿਤੀ 7/4 /2016 5/4/16

ਦਫਤਰ ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ
2763
06 APR 2016
ਚੰਡੀਗੜ੍ਹ

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ- 1 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਜਿਵੇਂ ਕਿ ਸ੍ਰੀ ਰਾਜੀਵ ਅਰੋੜਾ, ਉਪ ਮੰਡਲ ਅਫਸਰ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਰੂਲਜ਼, 1970 ਦੇ ਨਿਯਮ-8 ਅਧੀਨ ਜਾਮਾ ਰਾਏ ਡਿਸਟ੍ਰੀਬਿਊਟਰੀ ਅ.ਬ.ਦ.ਨ., ਅੰਮ੍ਰਿਤਸਰ ਦੇ ਕੰਮਾਂ ਵਿਚ ਕੀਤੀਆਂ ਕੁਤਾਹੀਆਂ ਕਾਰਨ, ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਇਸ ਦੋਸ਼ ਸੂਚੀ ਵਿੱਚ ਹੇਠ ਲਿਖੇ ਅਨੁਸਾਰ ਦੋਸ਼ ਲਗਾਏ ਗਏ ਸਨ:-

1. "ਜਾਮਾਰਾਏ ਰਜਬਾਹੇ ਦੀ ਰੀਚ ਆਰ.ਡੀ. 67000-74242 ਦੀ ਰੀਹੈਬਲੀਟੇਸ਼ਨ ਦੇ ਗੈਰ-ਮਿਆਰੀ (ਅੰਡਰ ਸਪੈਸੀਫਿਕੇਸ਼ਨਸ) ਕੰਮ ਕਰਵਾਉਣਾ।
2. ਗੈਰ-ਮਿਆਰੀ ਕੰਮ ਦਾ ਫਾਈਨਲ ਬਿੱਲ ਤਿਆਰ ਕਰਕੇ ਮੰਡਲ ਦਫਤਰ ਨੂੰ ਪਾਸ ਕਰਨ ਲਈ ਭੇਜਣਾ।
3. ਆਪਣੀ ਡਿਊਟੀ ਵਿੱਚ ਘੋਰ ਅਣਗਹਿਲੀ/ਕੁਤਾਹੀ ਵਰਤਕੇ ਸਰਕਾਰ ਦੇ ਖਜਾਨੇ ਨੂੰ ਭਾਰੀ ਵਿੱਤੀ ਨੁਕਸਾਨ ਕਰਨਾ।"

2. ਜਿਵੇਂ ਕਿ ਸਰਕਾਰ ਵਲੋ ਆਪਣੇ ਪੱਤਰ ਨੰਬਰ 19/44/2015-1ਸਪ1/500946/1-3 ਮਿਤੀ 04.06.2015 ਰਾਹੀ ਜਾਮਾ ਰਾਏ ਡਿਸਟਰੀਬਿਊਟਰੀ, ਅ.ਬ.ਦ.ਨ., ਅੰਮ੍ਰਿਤਸਰ ਦੇ ਕੰਮਾਂ ਵਿਚ ਕੀਤੀਆਂ ਕੁਤਾਹੀਆਂ ਦੀ ਜਾਂਚ ਕਰਨ ਸਬੰਧੀ ਇਕ 03 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ।ਇਸ ਗਠਿਤ ਕੀਤੀ ਗਈ ਕਮੇਟੀ ਵੱਲੋਂ ਹੋਰਨਾਂ ਅਧਿਕਾਰੀਆਂ/ਕਰਮਚਾਰੀਆਂ ਦੇ ਨਾਲ-ਨਾਲ ਸ੍ਰੀ ਰਾਜੀਵ ਅਰੋੜਾ, ਉਪ ਮੰਡਲ ਅਫਸਰ ਨੂੰ ਵੀ ਇਸ ਅਣਿਗਹਿਲੀ ਲਈ ਜ਼ਿੰਮੇਵਾਰ ਪਾਇਆ ਗਿਆ ਸੀ।

3. ਜਿਵੇਂ ਕਿ ਸ੍ਰੀ ਰਾਜੀਵ ਅਰੋੜਾ, ਉਪ ਮੰਡਲ ਅਫਸਰ ਵੱਲੋਂ ਆਪਣੇ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਦਾ ਜਵਾਬ ਦਿੰਦੇ ਹੋਏ, ਇਸ ਦੋਸ਼ ਸੂਚੀ ਵਿੱਚ ਆਪਣੇ ਵਿਰੁੱਧ ਲਗਾਏ ਗਏ ਦੋਸ਼ਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਗਿਆ ਸੀ।

4. ਜਿਵੇਂ ਕਿ ਸਰਕਾਰ ਦੇ ਪੱਤਰ ਨੰ: 19/44/2015-1ਸਿੰਪ੍ਰੋ(1)/616496/1-4, ਮਿਤੀ 28.10.2015 ਰਾਹੀਂ ਇਸ ਮਾਮਲੇ ਦੀ ਰੈਗੂਲਰ ਪੜਤਾਲ ਕਰਵਾਉਣ ਲਈ ਸ੍ਰੀ ਬੀ.ਸੀ.ਗੁਪਤਾ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ. (ਰਿਟਾ:) ਨੂੰ ਪੜਤਾਲੀਆ ਅਫਸਰ ਨਿਯੁਕਤ ਕਰਦੇ ਹੋਏ, ਹੋਰਨਾਂ ਅਧਿਕਾਰੀਆਂ/ਕਰਮਚਾਰੀਆਂ ਦੇ ਨਾਲ-ਨਾਲ, ਸ੍ਰੀ ਰਾਜੀਵ ਅਰੋੜਾ, ਉਪ ਮੰਡਲ ਅਫਸਰ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਦੀ ਵੀ ਰੈਗੂਲਰ ਪੜਤਾਲ ਕਰਨ ਲਈ ਲਿਖਿਆ ਗਿਆ ਸੀ।

5. ਜਿਵੇਂ ਕਿ, ਪੜਤਾਲੀਆ ਅਫਸਰ ਸ੍ਰੀ ਬੀ.ਸੀ.ਗੁਪਤਾ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ. (ਰਿਟਾ:) ਵੱਲੋਂ ਮਿਤੀ 24.02.2016 ਨੂੰ ਪੇਸ਼ ਕੀਤੀ ਗਈ ਆਪਣੀ ਵਿਸਥਾਰਪੂਰਵਕ ਰਿਪੋਰਟ ਵਿੱਚ ਸ੍ਰੀ ਰਾਜੀਵ ਅਰੋੜਾ, ਉਪ ਮੰਡਲ ਅਫਸਰ ਵਿਰੁੱਧ ਲਗਾਏ ਗਏ ਦੋਸ਼ਾਂ ਨੂੰ ਸਿੱਧ ਨਹੀਂ ਕੀਤੇ ਗਏ ਸਨ।

6. ਪੜਤਾਲੀਆ ਅਫਸਰ ਵੱਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਤੇ ਇਸ ਕੇਸ ਵਿੱਚ ਉਪਲੱਬਧ ਰਿਕਾਰਡ ਨੂੰ ਗਹੁ ਨਾਲ ਵਾਚਣ ਉਪਰੰਤ ਸ੍ਰੀ ਰਾਜੀਵ ਅਰੋੜਾ, ਉਪ ਮੰਡਲ ਅਫਸਰ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਨੂੰ ਦਾਖਲ-ਦਫ਼ਤਰ ਕੀਤਾ ਜਾਂਦਾ ਹੈ।

7. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਮਿਤੀ, ਚੰਡੀਗੜ੍ਹ:
23 ਮਾਰਚ, 2016

**ਪਿੱਠ ਅੰਕਣ ਨੰ: 19/44/2015-1ਸਿੰਪ੍ਰੋ(1)/** 725912/1 **ਮਿਤੀ, ਚੰਡੀਗੜ੍ਹ:** 04-04-16

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
2. ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
3. ਸ੍ਰੀ ਰਾਜੀਵ ਅਰੋੜਾ, ਉਪ ਮੰਡਲ ਅਫਸਰ, ਜੰਡਿਆਲਾ ਡਵੀਜਨ, ਯੂ.ਬੀ.ਡੀ.ਸੀ.ਅੰਮ੍ਰਿਤਸਰ।

EE II

ਅਧੀਨ ਸਕੱਤਰ ਸਿੰਚਾਈ

**ਅੰਦਰੂਨੀ ਵੰਡ:**

- ਨਿੱ:ਸ:/ਮਾਨਯੋਗ ਸਿੰਚਾਈ ਮੰਤਰੀ ਜੀ;
- ਨਿੱ:ਸ:/ਮਾਨਯੋਗ ਸਕੱਤਰ, ਸਿੰਚਾਈ ਜੀ।

6/4/16
7-4-16